**ਪ੍ਰਿੰਟ ਕਰਨ ਲਈ ਨਿਰਦੇਸ਼ (Printing instructions)**

ਸਟੇਟਮੈਂਟਾਂ ਦੀਆਂ ਸ਼ੀਟਾਂ ਅਤੇ ਇਕ ਗੋਲੇ ਵਾਲੇ ਪੇਜ ਨੂੰ ਤਿੰਨ੍ਹ ਵਾਰ ਪ੍ਰਿੰਟ ਕਰੋ , ਹਰ ਇੱਕ ਗਰੱਪ ਲਈ ਇੱਕ ਦੇ ਹਿਸਾਬ ਨਾਲ। ਵੱਖ-ਵੱਖ ਸਟੇਟਮੈਂਟਾਂ ਨੂੰ ਅਲਗ ਕਰ ਕੇ ਇਕ ਲਿਫਾਫੇ ਵਿੱਚ ਰੱਖ ਲਵੋ। ਇਕ ਗਰੁੱਪ ਦੇ ਲਿਫਾਫੇ ਵਿੱਚ ਇਕ ਗੋਲਿਆਂ ਵਾਲਾ ਪੇਜ ਅਤੇ ਇਕ ਲਿਫਾਫਾ ਜਿਸ ਵਿੱਚ ਕੰਮ ਕਰਨ ਲਈ ਸਟੇਟਮੈਂਟਾਂ ਹੋਣਗੀਆਂ। ਕਮਰੇ ਦੇ ਬਾਹਰ ਲਗਾਉਣ ਲਈ ਵੱਡੇ ਗੋਲੇ ਵਾਲੇ ਪੇਜ ਇਕ ਵਾਰ ਫੇਰ ਪ੍ਰਿੰਟ ਕਰ ਕੇ ਪੋਸਟ ਕਰ ਦਿਓ [

| | |
|---|---|
| ਇਕ ਮਾਸਿਕ ਬਜਟ ਤਿਆਰ ਕਰੋ। | ਇਕ ਘੱਟ ਵਿਆਜ ਵਾਲੇ ਕਰੈਡਿਟ ਕਾਰਡ ਲਈ ਅਪਲਾਈ ਕਰੋ ਅਤੇ ਆਪਣਾ ਸਾਰਾ ਉਧਾਰ ਉਸ ਉੱਤੇ ਪਾ ਦਿਓ। |
| ਪ੍ਰਤੀ ਦਿਨ, ਉਨ੍ਹਾਂ ਗੱਲਾਂ ਵੱਲ ਖ਼ਾਸ ਧਿਆਨ ਦਿਓ ਜਿਸ ਨਾਲ ਤੁਸੀਂ ਖਰਚ ਘੱਟਾ ਸਕਦੇ ਹੋ ਅਤੇ ਪੈਸੇ ਬਚਾ ਸਕਦੇ ਹੋ। | ਆਪਣੀ ਸਥਿਤੀ ਲਈ ਜੇ ਲੋਕ ਤੁਹਾਨੂੰ ਬੁਰਾ ਮਹਿਸੂਸ ਕਰਾਉਂਦੇ ਹਨ ਤਾਂ ਧਿਆਨ ਨਾ ਦੇਵੋ। ਆਪਣੇ ਕਰਜ਼ ਦੀ ਪਰੇਸ਼ਾਨੀ ਨੂੰ ਦੋਸਤਾਂ ਅਤੇ ਪਰਿਵਾਰ ਤੋਂ ਗੁਪਤ ਰੱਖੋ। |
| ਧੰਨ ਲਈ ਇਕ ਡਾਇਰੀ ਲਗਾਓ ਜਾਂ ਰਸੀਦਾਂ ਨੂੰ ਸਾਂਭ ਕੇ ਰੱਖੋ ਤਾਂ ਕਿ ਤੁਸੀਂ ਆਪਣੇ ਖਰਚ ਤੇ ਨਜ਼ਰ ਰੱਖ ਸਕੋ। | |
| ਜੇ ਕਰ ਤੁਸੀਂ ਕੋਈ ਕਿਸ਼ਤ ਅਦਾ ਨਹੀਂ ਕਰ ਸਕੋਗੇ ਤਾਂ ਆਪਣੇ ਲੈਣਦਾਰਾਂ ਨੂੰ ਫੋਨ ਕਰ ਕੇ ਪਹਿਲਾਂ ਹੀ ਦੱਸ ਦਿਓ। | ਆਪਣੀ ਸਮੱਰਥਾ ਅਨੁਸਾਰ ਲੈਣਦਾਰਾਂ ਨਾਲ ਭੁਗਤਾਨ ਦਾ ਨਵਾਂ ਕਾਰਜ-ਕਰਮ ਨਿਰਧਾਰਿਤ ਕਰੋ। |

| | |
|---|---|
| ਜਦੋਂ ਤਕ ਤੁਸੀਂ ਆਪਣਾ ਕਰਜ਼ ਦਾ ਭੁਗਤਾਨ ਨਹੀਂ ਕਰ ਲੈਂਦੇ ਇਕ ਹੋਰ ਨੌਕਰੀ ਲੱਭਣ ਬਾਰੇ ਵਿਚਾਰ ਕਰੋ। | ਆਪਣੇ ਸਾਰੇ ਕਰਜ਼ਾਂ ਨੂੰ ਇਕੱਠਾ ਕਰ ਕੇ ਉਸ ਲਈ ਲੌਨ ਲੈਣ ਬਾਰੇ ਪੁੱਛੋ। |
| ਭਵਿੱਖ ਵਿੱਚ ਸਿਰਫ ਇਕ ਹੀ ਕਰੈਡਿਟ ਕਾਰਡ ਰੱਖਣ ਦੀ ਯੋਜਨਾ ਬਣਾਓ। | ਲਾਭ ਲਈ ਲਗਾਏ ਗਏ ਧੰਨ ਜਾਂ ਜਮਾ–ਪੂੰਜੀ ਵਿਚੋਂ ਪੈਸਾ ਕੱਢ ਕੇ ਉਧਾਰ ਨੂੰ ਘਟਾਉਣ ਲਈ ਵਰਤੋ। |
| ਕਿਸੇ ਗ਼ੈਰ–ਮੁਨਾਫਾ ਕਰੈਡਿਟ ਕਾਂਉਂਸਲਿੰਗ ਏਜੰਸੀ ਨਾਲ ਗਲ੍ਹ ਕਰੋ। | ਆਪਣਾ ਫੋਨ ਨੰਬਰ ਬਦਲੋ। ਜਦੋਂ ਲੈਣਦਾਰ ਫੋਨ ਕਰਨ ਤਾਂ ਫੋਨ ਦਾ ਜਵਾਬ ਨਾ ਦਿਓ। |
| ਸਾਰੇ ਕਰਜ਼ਾਂ ਦੀ ਇਕ ਲਿਸਟ ਬਣਾਓ ਜਿਸ ਵਿੱਚ ਕਰਜ਼ੇ ਦੀ ਬਾਕੀ ਰਕਮ ਅਤੇ ਉੱਤੇ ਪੈਣ ਵਾਲਾ ਵਿਆਜ ਵੀ ਸ਼ਾਮਲ ਹੋਵੇ। | ਜਦੋਂ ਤਕ ਤੁਹਾਡੇ ਕੋਲ ਦੇਣ ਲਈ ਪੈਸੇ ਨਹੀਂ ਹਨ, ਬਿਲਾਂ ਨੂੰ ਨਾ ਖੋਲੋ। |
| ਵਿਆਜ ਦੀ ਦਰ ਘਟਾਉਣ ਲਈ ਆਪਣੇ ਲੈਣਦਾਰਾਂ ਨਾਲ ਗੱਲਬਾਤ ਕਰੋ। | ਸਭ ਤੋਂ ਵੱਧ  ਵਿਆਜ ਵਾਲੇ ਕਰਜ ਦੇ ਭੁਗਤਾਨ ਨੂੰ ਪਹਲ ਦੇਣ ਵੱਲ ਧਿਆਨ ਦਿਓ। |

**Module 8 – Debt** **Activity Sheet 8-2, continued**

| | |
|---|---|
| ਆਪਣੇ ਲੈਣਦਾਰਾਂ ਨਾਲ ਇਮਾਨਦਾਰ ਰਹੋ, ਆਪਣੀ ਮੁਸ਼ਕਿਲ ਉਨ੍ਹਾਂ ਨਾਲ ਸਾਂਝੀ ਕਰੋ ਅਤੇ ਜੋ ਭੁਗਤਾਨ ਦੀ ਰਕਮ ਤੁਸੀਂ ਦੇ ਸਕਦੇ ਹੋ, ਉਸ ਲਈ ਵਾਅਦਾ ਕਰੋ। | ਆਪਣੇ ਪਰਿਵਾਰ ਅਤੇ ਦੋਸਤਾਂ ਤੋਂ ਪੈਸਾ ਉਧਾਰ ਲੈ ਕੇ ਲੈਣਦਾਰਾਂ ਨੂੰ ਭੁਗਤਾਨ ਕਰੋ। |
| ਆਪਣੀ ਸਥਿਤੀ ਤੇ ਇਮਾਨਦਾਰੀ ਨਾਲ ਨਜ਼ਰ ਮਾਰੋ ਅਤੇ ਸੋਚੋ ਕਿ ਤਹਾਡੇ ‘ਤੇ ਕਰਜ਼ ਕਿਸ ਤਰ੍ਹਾਂ ਚੜ੍ਹ ਗਿਆ। | ਕਿਸੇ ਪੇ-ਡੇਅ ਲੈਂਡਰ (ਉਧਾਰ ਦੇਣ ਵਾਲਾ) ਜਾਂ ਕਿਸੇ ਵਿੱਤ ਕੰਪਨੀ ਤੋਂ ਲੌਨ ਲਵੋ। |
| ਕਿਸੇ ਬੈਂਕਰੱਪਸੀ ਟਰੱਸਟੀ ਨੂੰ ਮਿਲੋ। | ਸਭ ਤੋਂ ਵੱਡੀ ਰਕਮ ਵਾਲੇ ਕਰਜ ਦੀਆਂ ਕਿਸ਼ਤਾਂ ਦੇ ਭੁਗਤਾਨ ਨੂੰ ਪਹਲ ਦੇਣ ਵੱਲ ਧਿਆਨ ਦਿਓ। |
| ਜੂਆ ਖੇਡ ਕੇ ਦੇਖੋ, ਸ਼ਾਇਦ ਤੁਸੀਂ ਆਪਣਾ ਸਾਰਾ ਕਰਜ਼ ਅਦਾ ਕਰ ਸਕਣ ਲਈ ਕਾਫੀ ਪੈਸੇ ਬਣਾ ਸਕੋ। | ਆਪਣੇ ਕਰੈਡਿਟ ਕਾਰਡ ਵਰਤਦੇ ਰਹੋ। |

**Module 8 – Debt** **Activity Sheet 8-2, continued**

ਕਰੋ

ਸਾਵਧਾਨ

ਨਹੀਂ
ਕਰਨਾ

# ਕਰੋ

# ਸਾਵਧਾਨੀ ਨਾਲ ਅੱਗੇ ਵਧੋ

**Module 8 – Debt** **Activity Sheet 8-2, continued**

# ਨਾਂ ਕਰੋ